# ਸੈਪਸਿਸ (SEPSIS) ਕੀ ਹੁੰਦਾ ਹੈ?

ਸੈਪਸਿਸ ਇੱਕ ਜਾਨਲੇਵਾ ਸਥਿਤੀ ਹੈ ਜੋ ਉਦੋਂ ਪੈਦਾ ਹੁੰਦੀ ਹੈ ਜਦੋਂ ਕਿਸੇ ਇਨਫ਼ੈਕਸ਼ਨ ਪ੍ਰਤੀ ਸਰੀਰ ਦੀ ਪ੍ਰਤਿਕਿਰਿਆ ਆਪਣੇ ਹੀ ਟਿਸ਼ੂਆਂ ਅਤੇ ਅੰਗਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ।

ਸੈਪਸਿਸ ਸਦਮੇ, ਇੱਕ ਤੋਂ ਵੱਧ ਅੰਗਾਂ ਦੇ ਨਕਾਰਾ ਹੋਣ ਅਤੇ ਮੌਤ ਦਾ ਕਾਰਨ ਬਣ ਸਕਦਾ ਹੈ, ਖਾਸ ਕਰਕੇ ਜੇ ਛੇਤੀ ਪਛਾਣ ਕਰਕੇ ਫ਼ੌਰਨ ਇਸਦਾ ਇਲਾਜ ਨਾ ਕੀਤਾ ਜਾਵੇ ਤਾਂ।

# ਮੈਂ ਇਸਦੀ ਪਛਾਣ ਕਿਵੇਂ ਕਰਾਂ?

ਸੈਪਸਿਸ ਸ਼ੁਰੂ ਵਿੱਚ 'ਫ਼ਲੂ ਜਾਂ ਗੈਸਟ੍ਰੋਐਂਟ੍ਰਾਇਟਿਸ' ਵਰਗੀਆਂ ਹੋਰ ਬਿਮਾਰੀਆਂ ਵਾਂਗ ਲੱਗ ਸਕਦਾ ਹੈ ਅਤੇ ਇਸਦੀ ਪਛਾਣ ਕਰਨੀ ਔਖੀ ਹੋ ਸਕਦੀ ਹੈ। ਇਸਦੀ ਕੋਈ ਇੱਕ ਨਿਸ਼ਾਨੀ ਨਹੀਂ ਹੁੰਦੀ, ਅਤੇ ਲੱਛਣ ਬਾਲਗਾਂ ਅਤੇ ਬੱਚਿਆਂ ਵਿੱਚ ਵੱਖ-ਵੱਖ ਰੂਪ ਵਿੱਚ ਮੌਜੂਦ ਹੋ ਸਕਦੇ ਹਨ।

# ਬਸ ਇਹ ਪੁੱਛੋ

## "ਕੀ ਇਹ ਸੈਪਸਿਸ ਹੋ ਸਕਦਾ ਹੈ?"

ਇਹ ਇੱਕ ਸਧਾਰਨ ਜਿਹਾ ਸਵਾਲ ਹੈ, ਪਰ ਇਹ ਜੀਵਨ ਬਚਾ ਸਕਦਾ ਹੈ।

ਵਧੇਰੇ ਜਾਣਕਾਰੀ ਲਈ info@sepsistrust.org 'ਤੇ ਈਮੇਲ ਕਰੋ ਜਾਂ 0800 389 6255 'ਤੇ ਕਾਲ ਕਰੋ।

ਸੈਪਸਿਸ ਕਿਸੇ ਇਨਫ਼ੈਕਸ਼ਨ ਪ੍ਰਤੀ ਸਰੀਰ ਦੀ ਪ੍ਰਤਿਕਿਰਿਆ ਹੁੰਦੀ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਕੋਈ ਇਨਫ਼ੈਕਸ਼ਨ ਹੈ ਅਤੇ ਜੇ ਤੁਹਾਡੇ ਵਿੱਚ ਹੇਠਾਂ ਦਿੱਤਿਆਂ ਵਿੱਚੋਂ ਕੋਈ ਵੀ ਲੱਛਣ ਪੈਦਾ ਹੋ ਜਾਂਦੇ ਹਨ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਸੈਪਸਿਸ ਹੋਵੇ। **999 ਡਾਇਲ ਕਰੋ** ਅਤੇ **ਬਸ ਇਹ ਪੁੱਛੋ: "ਕੀ ਇਹ ਸੈਪਸਿਸ ਹੋ ਸਕਦਾ ਹੈ?"**

## ਲੜਖੜਾਉਂਦੇ ਬੋਲ ਜਾਂ ਉਲਝਣ
## ਬਹੁਤ ਜ਼ਿਆਦਾ ਕੰਬਣੀ ਜਾਂ ਮਾਸਪੇਸ਼ੀਆਂ ਵਿੱਚ ਦਰਦ
## ਪਿਸ਼ਾਬ ਉੱਕਾ ਹੀ ਨਾ ਆਉਣਾ (ਇੱਕ ਦਿਨ ਵਿੱਚ)
## ਬੇਹੱਦ ਸਾਹ ਫੁੱਲਣਾ
## ਇੰਝ ਲੱਗਦਾ ਹੈ ਜਿਵੇਂ ਤੁਸੀਂ ਮਰਨ ਲੱਗੇ ਹੋ
## ਧੱਬੇਦਾਰ, ਰੰਗਹੀਣ ਜਾਂ ਬੜੀ ਫਿੱਕੀ ਪਈ ਚਮੜੀ

THE UK SEPSIS TRUST

sepsistrust.org

ਦਿ ਯੂਕੇ ਸੈਪਸਿਸ ਟ੍ਰਸਟ ਰਜਿਸਟਰਡ ਚੈਰਿਟੀ ਨੰਬਰ (ਇੰਗਲੈਂਡ ਅਤੇ ਵੇਲਜ਼) 1158843 | (ਸਕਾਟਲੈਂਡ) SC050277. ਕੰਪਨੀ ਰਜਿ. ਨੰਬਰ 8644039. ਸੈਪਸਿਸ ਐਂਟਰਪ੍ਰਾਈਜ਼ਿਜ਼ ਲਿਮਿ. ਕੰਪਨੀ ਨੰਬਰ 9583335. VAT ਰਜਿ. ਨੰਬਰ 293133408
DN10019; ਸਹਾਇਤਾ; ਸੋਧਿਆ 17 ਸਤੰਬਰ 2020 ਸੰਸਕਰਣ1.